# बाबा बालक नाथ दे टप्पे बोलियां /**ਬਾਬਾ ਬਲਾਕ ਨਾਥ ਦੇ ਟੱਪੇ**

ਬਾਬਾ ਬਲਾਕ ਨਾਥ ਦੇ ਟੱਪੇ

ਪੌਣਾ,ਹਾਰੀ ਦੇ, ਖੁੱਲ੍ਹੇ ਗੱਫੇ ॥
ਸੁਣੋ ਮੈਂ, ਸੁਣਾਉਂਦੀ ਹਾਂ,
ਬਾਬਾ, ਬਾਲਕ, ਨਾਥ ਦੇ ਟੱਪੇ ॥

ਜੋਤ, ਥਾਲੀ ਵਿੱਚ, ਜੱਗਦੀ ਏ ॥
ਓ ਉੱਤੇ, ਸੋਹਣੀ, ਗੁਫ਼ਾ ਸੱਜਦੀ,
ਥੱਲੇ, ਚਰਨ ਗੰਗਾ, ਵੱਗਦੀ ਏ ॥

ਬੂੰਦਾਂ, ਛੰਮ ਛੰਮ, ਬਰਸ ਰਹੀਆਂ ॥
ਓ ਬਾਬਾ, ਤੇਰੇ, ਦਰਸ਼ਨ ਨੂੰ,
ਅੱਖਾਂ, ਹਰ ਵੇਲੇ, ਤਰਸ ਰਹੀਆਂ ॥

ਮੇਰੇ, ਹੱਥ ਚ, ਪਤਾਸਾ ਏ ॥
ਓ ਸੁਨਹਿਰੀ, ਜਟਾਵਾਂ ਵਾਲਿਆ,
ਤੇਰਾ, ਗੁਫ਼ਾ ਵਿੱਚ, ਵਾਸਾ ਏ ॥

ਮੇਰੇ, ਹੱਥ ਵਿੱਚ, ਸੋਟੀ ਏ ॥
ਦਰਸ਼ਨ ਦੇ, ਪੌਣਾਹਾਰੀਆ,
ਸਾਰੀ, ਸੰਗਤ, ਖਲੋਤੀ ਏ ॥

ਤੇਰੇ, ਦਰ ਤੇ, ਆਵਾਂਗੇ ॥
ਓ ਦੁੱਖਾਂ, ਵਾਲਾ, ਹਾਲ ਬਾਬਾ ਜੀ,
ਤੈਨੂੰ, ਆ ਕੇ, ਸੁਣਾਵਾਂਗੇ ॥

ਚੜ੍ਹਾਈਆਂ, ਚੜ੍ਹ ਕੇ, ਆਵਾਂਗੇ ॥
ਓ ਆ ਕੇ, ਤੇਰੇ, ਦਰ ਜੋਗੀਆ,
ਤੇਰਾ, ਦਰਸ਼ਨ ਪਾਵਾਂਗੇ ॥

ਗੁਣ, ਤੇਰੇ ਹੀ, ਗਾਵਾਂਗੇ ॥
ਓ ਤੇਰਾ ਦਿੱਤਾ, ਖਾਂਦੇ ਹਾਂ,
ਤੇਰਾ, ਸ਼ੁਕਰ ਮਨਾਵਾਂਗੇ ॥

ਐਸੀ, ਰਹਿਮਤ, ਹੋਈ ਏ ॥
ਜੋਗੀ ਨੇ, ਸਾਨੂੰ, ਗਲ਼ ਲਾਇਆ,
ਸਾਨੂੰ, ਮਿਲ ਗਈ, ਢੋਈ ਏ ॥

ਬਾਬਾ, ਮੇਹਰਾਂ, ਵੰਡਦਾ ਏ ॥
ਓ ਸਭਨਾਂ ਨੂੰ, ਲਾਲ ਵੰਡਦਾ,
ਨਾਲੇ, ਨਾਮ ਵਿੱਚ, ਰੰਗਦਾ ਏ ॥

ਤੇਰੇ, ਚਰਨਾਂ ਚ, ਰਹਿਣਾ ਏ ॥
ੳ ਬਾਬਾ, ਸਾਨੂੰ, ਦੂਰ ਨਾ ਕਰੀਂ,
ਸਾਡਾ, ਏਹੀਓ ਕਹਿਣਾ ਏ ॥

ਗੁਣ, ਪੌਣਾਹਾਰੀ ਦੇ, ਗਾ ਰਹੀ ਹਾਂ ॥
ੳ ਇਸ ਦਾ ਮੈਂ, ਲੜ੍ਹ ਫੜ੍ਹਿਆ,
ਏਹਨੂੰ, ਅਰਜ਼, ਸੁਣਾ ਰਹੀ ਹਾਂ ॥

ਤੇਰੇ, ਦਰ ਦੀ, ਭਿਖਾਰਣ ਹਾਂ ॥
ੳ ਬੇੜਾ ਮੇਰਾ, ਪਾਰ ਕਰੀਂ,
ਮੈਂ ਤਾਂ, ਤੇਰੀ, ਪੁਜਾਰਣ ਹਾਂ ॥

ਕੀਤੇ, ਕਰਮ, ਚੰਗੇਰੇ ਨੇ ॥
ੳ ਓਹ ਨੀ, ਕਿਸੇ, ਕੋਲੋਂ ਡਰਦੇ,
ਜੇਹੜੇ, ਚੇਲੇ ਬਾਬਾ, ਤੇਰੇ ਨੇ ॥

ਨਿੱਤ, ਤੇਰਾ ਹੀ, ਧਿਆਨ ਕਰਾਂ ॥
ੳ ਤੇਰੇ ਬਾਝੋਂ, ਪੌਣਾਹਾਰੀਆ / ਦੁੱਧਾਧਾਰੀਆ,
ਕਿਸ, ਤੇ ਮੈਂ, ਮਾਣ ਕਰਾਂ ॥

ਬਾਬਾ, ਦਿਨ ਨੇ, ਬਹਾਰਾਂ ਦੇ ॥
ੳ ਅਉਗਣਾਂ ਨੂੰ, ਬਖਸ਼ ਦੇਵੀਂ,
ਸਾਡੇ, ਔਗਣ, ਹਾਰਾਂ ਦੇ ॥

ਮੰਗ, ਏਹੀਓ, ਮੰਗੀ ਏ ॥
ੳ ਜਿਹਨਾਂ, ਤੇਰਾ, ਦਰ ਮੱਲ੍ਹਿਆਂ,
ਕਿਸਮਤ, ਓਹਨਾਂ ਦੀ, ਚੰਗੀ ਏ ॥

ਮੀਂਹ, ਪੈਂਦਾ ਬਾਬਾ, ਟਿੱਲਿਆਂ ਤੇ ॥
ੳ ਦੁੱਖ, ਸਭ, ਦੂਰ ਹੁੰਦੇ,
ਇੱਕ, ਤੇਰਿਆਂ, ਮਿਲਿਆ ਤੇ ॥

ਬਾਬਾ, ਛੇਤੀ ਛੇਤੀ, ਆਇਆ ਕਰੋ ॥
ੳ ਆਪਣੇ, ਬੱਚਿਆਂ ਤੇ,
ਆ ਕੇ ਕਰਮ, ਕਮਾਇਆ ਕਰੋ ॥

ਜਾਣੀ, ਜਾਣ, ਪੌਣਾਹਾਰੀ ਏ ॥
ੳ ਮੋਰ ਦੀ, ਸਵਾਰੀ ਕਰਦਾ,
ਮੇਰਾ, ਬਾਬਾ ਪੌਣਾ,ਹਾਰੀ / ਦੁੱਧਾ,ਧਾਰੀ ਏ ॥

ਕੋਠੇ, ਤੇ ਕਾਂ ਬੋਲੇ ॥
ੳ ਬਾਬਾ ਜੀ ਦੀ, ਚਿੱਠੀ ਆਈ,
ਵਿੱਚ, ਭਗਤਾਂ ਦਾ, ਨਾਂਅ ਬੋਲੇ ॥

ਬਾਬਾ, ਹੱਥ ਵਿੱਚ, ਪੇੜਾ ਏ ॥
ੳ ਆ ਕੇ, ਮੈਨੂੰ, ਸਾਂਭ ਲਵੀਂ,
ਮੇਰਾ, ਡੋਲ੍ਹਦਾ,ਬੇੜਾ ਏ ॥

ਵਰ, ਤੈਥੋਂ ਹੀ, ਤੈਥੋਂ ਮਿਲਦੇ ਨੇ ॥
ੳ ਬਾਬਾ, ਤੇਰੇ ਭਗਤਾਂ ਦੇ,
ਤਾਲੇ, ਕਿਸਮਤ ਦੇ, ਖੁੱਲ੍ਹਦੇ ਨੇ ॥

ਚੌਂਕੀ ਵਿੱਚ, ਆਇਆ ਕਰੋ ॥
ੳ ਆਪਣੇ, ਭਗਤਾਂ ਨੂੰ,
ਆ ਕੇ, ਦਰਸ਼, ਦਿਖਾਇਆ ਕਰੋ ॥

ਫ਼ੇਰਾ, ਇੱਕ ਵਾਰੀ, ਪਾ ਜਾਇਓ ॥
ਬਾਬਾ, ਆਪਣੇ ਭਗਤਾਂ ਨੂੰ,
ਇੱਕ ਝਲਕ, ਦਿਖਾ ਜਾਇਓ ॥

ਮੀਂਹ, ਛੰਮ ਛੰਮ, ਬਰਸ ਰਿਹਾ ॥
ਬਾਬਾ ਤੇਰਾ, ਮੁਖ, ਦੇਖਣ ਨੂੰ,
ਦਿਲ, ਸਾਡਾ, ਤਰਸ ਰਿਹਾ ॥

ਮੇਰਾ, ਡੋਲ੍ਹਦਾ, ਬੇੜਾ ਏ ॥
ਬਾਬਾ ਜੀ, ਸਾਨੂੰ, ਪਾਰ ਕਰੀਂ,
ਸਾਨੂੰ, ਆਸਰਾ, ਤੇਰਾ ਏ ॥

ਮੰਦਿਰਾਂ ਵਿੱਚ, ਆਇਆ ਕਰੋ ॥
ੳ ਨਿੱਤ, ਪੌਣਾਹਾਰੀ / ਦੁੱਧਾਧਾਰੀ ਦਾ,
ਭਗਤੋ ਕੀਰਤਨ, ਗਾਇਆ ਕਰੋ ॥

ਅਸੀਂ, ਫੇਰ ਵੀ, ਆਵਾਂਗੇ ॥
ੳ ਖ਼ੈਰ ਝੋਲ਼ੀ, ਪਾ ਦੇ ਬਾਬਾ,
ਤੈਨੂੰ, ਰੋਟ ਚੜ੍ਹਾਵਾਂਗੇ ।
ੳ ਖ਼ੈਰ ਝੋਲ਼ੀ, ਪਾ ਦੇ ਜੋਗੀਆ,
ਤੈਨੂੰ, ਝੰਡਾ ਵੀ, ਚੜ੍ਹਾਵਾਂਗੇ ।
ੳ ਲਾਲ ਇੱਕ, ਦੇ ਦੇ, ਬਾਬਾ ਜੀ,
ਅਸੀਂ, ਗੁਣ ਤੇਰੇ, ਗਾਵਾਂਗੇ ॥
ਜੈ ਬਾਬੇ ਦੀ - ਧੁਨ
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/36126/title/baba-balak-nath-de-tappe-boliyan

अपने Android मोबाइल पर BhajanGanga App डाउनलोड करें और भजनों का आनंद ले |